# ਬਗਲੇ

ਕੁਝ ਬਗਲੇ ਇੱਕ ਕਿਸਾਨ ਦੇ ਖੇਤ ਵਿੱਚੋਂ ਬੀਜ ਕੱਢ ਕੱਢ ਕੇ ਖਾਂਦੇ ਸਨ। ਕਿਸਾਨ ਜ਼ੋਰ ਜ਼ੋਰ ਦੀ ਅਵਾਜ਼ ਕਰਦਾ ਜਿਸਨੂੰ ਸੁਣ ਕੇ ਬਗਲੇ ਉੱਡ ਜਾਂਦੇ। ਕੁਝ ਦਿਨ ਬਾਦ ਬਗਲਿਆਂ ਨੇਂ ਵੇਖਿਆ ਕਿ ਅਵਾਜ਼ ਨਾਲ ਕੋਈ ਨੁਕਸਾਨ ਨਹੀਂ ਹੁੰਦਾ ਹੈ। ਇਸ ਲਈ ਉਨ੍ਹਾਂ ਨੇਂ ਆਪਣਾ ਚੁਗਣਾ ਜਾਰੀ ਰੱਖਿਆ। ਕਿਸਾਨ ਇੱਕ ਗੁਲੇਲ ਲੈ ਆਇਆ 'ਤੇ ਨਿਸ਼ਾਨਾਂ ਬੱਨ ਕੇ ਬਗਲਿਆਂ ਨੂੰ ਮਾਰਨ ਲੱਗਾ। ਇਹ ਵੇਖ ਕੇ ਸਾਰੇ ਬਗਲੇ ਦੌੜ ਗਏ। ਸਿਖਿਆ : ਸਾਡਾ ਕੰਮ ਚਾਹੀਦੇ ਨਤੀਜੇ ਅਨੁਸਾਰ ਹੀ ਹੋਣਾ ਚਾਹੀਦਾ ਹੈ।